੦੬੬

ਸਿਮਰਨ ਵੇਲੇ ਧਿਆਨ ਕਿਸ ਉੱਤੇ ਜੋੜਨਾ ਚਾਹੀਦਾ ਹੈ

(ਲੇਖਕ: ਡਾ: ਕਰਤਾਰ ਸਿੰਘ)

ਗੁਰਮਤਿ ਵਿੱਚ ਸਿਮਰਨ ਵੇਲੇ ਧਿਆਨ ਕੇਵਲ ਇੱਕ ਨਿਰੰਕਾਰ ਉੱਤੇ ਹੀ ਰੱਖਣ ਦਾ ਹੁਕਮ ਹੈ। ਕਿਸੇ ਤਸਵੀਰ ਉੱਤੇ ਭਾਵੇਂ ਉਹ ਗੁਰੂ ਸਾਹਿਬਾਨ ਦੀ ਹੀ ਕਿਉਂ ਨਾ ਹੋਵੇ ਨਹੀਂ ਧਰਨਾ ਚਾਹੀਦਾ। ਕਿਸੇ ਜੀਉਂਦੇ ਜਾਗਦੇ ਵਿਅਕਤੀ ਉੱਤੇ ਵੀ ਧਿਆਨ ਜੋੜਨਾ ਬਿਵਰਜਿਤ ਹੈ। ਇਸ ਦੀ ਪੁਸ਼ਟੀ ਲਈ ਲੜੀਵਾਰ ਪ੍ਰਮਾਣ ਪਹਿਲੀ ਪਾਤਸ਼ਾਹੀ ਤੋਂ ਲੈ ਕੇ ਦਸਵੀਂ ਪਾਤਸ਼ਾਹੀ ਤੱਕ ਮੌਜੂਦ ਹਨ ਕਿ ਗੁਰੂ ਸਾਹਿਬਾਨ ਨੇ ਕਿਸ ਉੱਤੇ ਧਿਆਨ ਟਿਕਾਉਣ ਲਈ ਸਿਧਾਂਤ ਕਾਇਮ ਕੀਤਾ। ਪਹਿਲੀ ਪਾਤਸ਼ਾਹੀ:

– ਪ੍ਰਾਣੀ ਏਕੋ ਨਾਮੁ ਧਿਆਵਹੁ॥ ਅਪਨੀ ਪਤਿ ਸੇਤੀ ਘਰਿ ਜਾਵਹੁ॥ (੧੨੫੪)

– ਰਚਨਾ ਰਾਚਿ ਜਿਨਿ ਰਚੀ ਜਿਨਿ ਸਿਰਿਆ ਆਕਾਰੁ॥ ਗੁਰਮੁਖਿ ਬੇਅੰਤੁ ਧਿਆਈਐ ਅੰਤੁ ਨ ਪਾਰਾਵਾਰੁ॥(੯੩੬)

– ਨਿਰਾਲੰਬੁ ਨਿਰਹਾਰੁ ਨਿਹਕੇਵਲੁ ਨਿਰਭਉ ਤਾਜੀ ਲਾਵੈ॥ (੧੩੩੨)

ਜੋਗੀਆਂ ਦੀ ਭਾਸ਼ਾ ਵਿੱਚ ਧਿਆਨ ਨੂੰ "ਤਾੜੀ" ਆਖਦੇ ਹਨ।

ਸਿਧ-ਗੋਸ਼ਟਿ ਵਿੱਚ ਸਿੱਧਾਂ ਦੇ ਸਿੱਧੇ ਪ੍ਰਸ਼ਨ ਕਿ:

– ਇਤ ਉਤ ਕਿਸ ਕਉ ਜਾਣਿ ਸਮਾਵੈ॥ ਕਵਨ ਧਿਆਨੁ ਮਨੁ ਮਨਹਿ ਸਮਾਵੈ॥ (੯੪੩)

ਦੇ ਉੱਤਰ ਵਿੱਚ ਸਾਹਿਬ ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ:

– ਅੰਤਰਿ ਬਾਹਰਿ ਏਕੋ ਜਾਣੈ॥ (੯੪੩)

ਅੰਦਰ ਬਾਹਰ ਸਭ ਏਕੋ ਦਾ ਧਿਆਨ ਰੱਖੋ, ਉਸ ਇੱਕੋ ਨੂੰ ਹੀ ਜਾਣੋ ਜੋ ਪਰੀਪੂਰਨ ਹੈ। ਇਸ ਤਰ੍ਹਾਂ ਕਰਨ ਨਾਲ:

– ਨਾਨਕ ਅਗਨਿ ਮਰੈ ਸਤਿਗੁਰ ਕੈ ਭਾਣੈ॥ (੯੪੩)

ਜਪੁਜੀ ਸਾਹਿਬ ਵਿੱਚ ਜੋ ਚਾਰ ਪਉੜੀਆਂ "ਸੁਣਿਐ" ਦੀਆਂ ਤੇ ਚਾਰ ਪਉੜੀਆਂ "ਮੰਨੇ" ਦੀਆਂ ਜੀਵਨ ਵਿੱਚ ਜੋ ਘਟਾਉਂਦੇ ਹਨ, ਉਹ ਪੰਚ ਬਣ ਜਾਂਦੇ ਹਨ ਤੇ ਉਨ੍ਹਾਂ **"ਪੰਚਾ ਕਾ ਗੁਰੁ ਏਕੁ ਧਿਆਨ"**॥

ਦੂਜੀ ਪਾਤਸ਼ਾਹੀ ਹਜ਼ੂਰ ਫੁਰਮਾਉਂਦੇ ਹਨ:

– ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥ ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ॥ (੧੪੬)

ਇਸ ਸਲੋਕ ਵਿੱਚ ਗੁਰੂ ਅੰਗਦ ਦੇਵ ਜੀ ਨੇ ਕੇਵਲ ਇੱਕ ਪਦ "ਹੋਰ" ਦਾ ਵਾਧਾ ਕਰਕੇ ਬਾਕੀ ਸਲੋਕ ਪਾ:੧ ਦਾ ਹੀ ਰਹਿਣ ਦਿੱਤਾ ਹੈ। ਅਰਥ ਭਾਵ:- ਜਿੰਨ੍ਹਾਂ ਨੇ ਕੇਵਲ ਇੱਕ ਨਾਮ ਤੇ ਹੀ ਧਿਆਨ ਜੋੜਿਆ ਹੈ, ਉਹ ਮੁਸ਼ੱਕਤਾਂ ਘਾਲ ਕੇ ਸੁਰਖੁਰੂ ਹੋ ਗਏ ਹਨ। ਉਨ੍ਹਾਂ ਦੇ ਮੁੱਖ ਦਰਬਾਰ ਵਿੱਚ ਉਜਲੇ ਹੋ ਜਾਂਦੇ ਹਨ। ਹੋਰ ਲੋਕਾਈ ਵੀ ਉਨ੍ਹਾਂ ਦੀ ਸੰਗਤਿ ਨਾਲ ਮਾਇਆ ਦੇ ਜਾਲ ਵਿੱਚੋਂ ਛੁੱਟ ਜਾਂਦੀ ਹੈ। ਇੱਥੇ ਪਦ "ਨਾਮੁ" ਹੈ, ਕਿਹੜਾ ਨਾਮ? – ਜੋ ਸਰਬ ਸ਼ਕਤੀਮਾਨ

ਕਰਤਾ ਪੁਰਖ, ਪਰੀ ਪੂਰਨ, ਜੋਤੀ ਸਰੂਪ, ਨਿਰਭਉ, ਨਿਰਵੈਰ, ਅਕਾਲ ਮੂਰਤਿ, ਅਜੂਨੀ ਸੈਭੰ ਹੈ। ਜਿਸ ਬਾਰੇ ਪੰਚਮ ਪਿਤਾ ਉਸ ਦੀ ਵਿਆਖਿਆ ਕਰਦੇ ਹਨ:

- **ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥**
  ਨਾਮ ਕੇ ਧਾਰੇ ਸਗਲ ਆਕਾਰ॥ ਨਾਮ ਕੇ ਧਾਰੇ ਪੁਰੀਆ ਸਭ ਭਵਨ॥ (੨੮੪)

ਤੀਜੀ ਪਾਤਸ਼ਾਹੀ ਫੁਰਮਾਉਂਦੇ ਹਨ:

- **ਏਕੁ ਧਿਆਵਹੁ ਮੂੜ੍ ਮਨਾ॥ ਪਾਰਿ ਉਤਰਿ ਜਾਹਿ ਇਕ ਖਿਨਾਂ॥ (੧੧੬੯)**

- **ਹਰਿ ਹਰਿ ਨਾਮੁ ਧਿਆਈਐ ਹਰਿ ਹਰਿ ਨਿਸਤਾਰੀ॥ (੫੦੯)**

- **ਹਰਿ ਨਾਮੁ ਧਿਆਏ ਮੰਨਿ ਵਸਾਏ ਬੂਝੈ ਗੁਰ ਬੀਚਾਰਾ॥ (੫੬੮)**

- **ਹਰਿ ਹਰਿ ਨਾਮੁ ਧਿਆਇ ਮਨ ਹਰਿ ਦਰਗਹ ਪਾਵਹਿ ਮਾਨੁ॥**
  ਕਿਲਵਿਖ ਪਾਪ ਸਭਿ ਕਟੀਅਹਿ ਹਉਮੈ ਚੁਕੈ ਗੁਮਾਨੁ॥ (੧੪੧੯)

ਹਜ਼ੂਰ ਉਨ੍ਹਾਂ ਤੋਂ ਬਲਿਹਾਰ ਜਾਂਦੇ ਹਨ ਜੋ ਨਿਰੰਕਾਰ ਦਾ ਧਿਆਨ ਧਰਦੇ ਹਨ:

- **ਹਉ ਬਲਿਹਾਰੀ ਤਿਨ ਕਉ ਜਿਨਿ ਧਿਆਇਆ ਹਰਿ ਨਿਰੰਕਾਰੁ॥ (੯੧)**

ਚੌਥੀ ਪਾਤਸ਼ਾਹੀ ਜੀ ਵੀ ਇੰਜ ਫੁਰਮਾਉਂਦੇ ਹਨ:

- **ਜਪਿ ਮਨ ਨਿਰਭਉ॥ ਸਤਿ ਸਤਿ ਸਦਾ ਸਤਿ॥ ਨਿਰਵੈਰੁ ਅਕਾਲ ਮੂਰਤਿ॥ ਆਜੂਨੀ ਸੰਭਉ॥**
  ਮੇਰੇ ਮਨ ਅਨਦਿਨੁ ਧਿਆਇ ਨਿਰੰਕਾਰੁ ਨਿਰਾਹਾਰੀ॥ (੧੨੦੧)

- **ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ ਸੇ ਜਨ ਜੁਗ ਮਹਿ ਸੁਖਵਾਸੀ॥**
  ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ ਤੂਟੀ ਜਮ ਕੀ ਫਾਸੀ॥
  ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ॥
  ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ॥
  ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ ਜਨੁ ਨਾਨਕੁ ਤਿਨ ਬਲਿ ਜਾਸੀ॥ (੧੧)

- **ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥ (੩੦੫)**

ਪੰਜਾਵੀਂ ਪਾਤਸ਼ਾਹੀ ਜੀ ਤਾਂ ਹੁਕਮ ਦਿੰਦੇ ਹਨ:

- **ਸਤਿ ਪੁਰਖ ਅਕਾਲ ਮੂਰਤਿ ਰਿਦੈ ਧਾਰਹੁ ਧਿਆਨੁ॥ (੧੧੨੧)**

ਸਹਸਕ੍ਰਿਤੀ ਸਲੋਕਾਂ ਵਿੱਚ ਪੂਰਨ ਸੰਤ ਦੇ ੬ ਲੱਛਣ ਦਰਸਾਉਂਦੇ ਹਨ:

- **ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ॥ ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ॥(੧੩੫੭)**

ਫਿਰ ਸਿੱਖਾਂ ਪ੍ਰਤੀ ਉਪਦੇਸ਼ ਦਿੰਦੇ ਹਨ:

– ਧਿਆਇ ਨਾਨਕ ਪਰਮੇਸਰੈ ਜਿਨਿ ਦਿਤੀ ਜਿੰਦੁ॥ (੩੨੧)

– ਨਾਨਕ ਤਿਨ ਸਦ ਬਲਿਹਾਰੰ ਜਿਨਾ ਧਿਆਨੁ ਪਾਰਬ੍ਰਹਮਣਹ॥ (੭੦੯)

ਹਜ਼ੂਰ ਦੇ ਸਿੱਧਾ ਪ੍ਰਸ਼ਨ ਹੋਣ ਤੇ ਕਿ ਆਪ ਜੀ ਕਿਸਦਾ ਧਿਆਨ ਧਰਦੇ ਹੋ? ਤਾਂ ਉਤਰ ਵਿੱਚ ਫੁਰਮਾਇਆ!

– ਅਕਾਲ ਮੂਰਤਿ ਰਿਦੈ ਧਿਆਇਦਾ ਦਿਨੁ ਰੈਨਿ ਜਪੰਥਾ॥ (੧੧੦੧)

ਨੌਵੇਂ ਪਾਤਿਸ਼ਾਹ ਦੀ ਬਾਣੀ ਵੀ ਉਪਰਲਾ ਸਿਧਾਂਤ ਨਿਰੂਪਣ ਕਰਦੀ ਹੈ:

– ਬੇਦ ਪੁਰਾਨ ਜਾਸ ਗੁਨ ਗਾਵਤ ਤਾ ਕੋ ਨਾਮੁ ਹੀਐ ਮੋ ਧਰੁ ਰੇ॥ (੨੨੦)

ਹੁਣ ਦਸਵੇਂ ਪਾਤਸ਼ਾਹ ਜੀ ਦੀ ਬਾਣੀ ਵਿਚਾਰੀਏ:

– ਨਾਰਦ ਸੇ ਚਤੁਰਾਨਨ ਸੇ ਰੁਮਨਾ ਰਿਖ ਸੇ ਸਭ ਹੂੰ ਮਿਲਿ ਗਾਇਓ॥
ਬੇਦ ਕਤੇਬ ਨ ਭੇਦ ਲਖਿਓ ਸਭ ਹਾਰ ਪਰੇ ਹਰਿ ਹਾਥਿ ਨ ਆਇਓ॥
ਪਾਇ ਸਕੈ ਨਹੀ ਪਾਰ ਉਮਾਪਤਿ ਸਿੱਧ ਸਨਾਥ ਸਨੰਤਨ ਧਿਆਇਓ॥
ਧਿਆਨ ਧਰੋ ਤਿਹ ਕੋ ਮਨ ਮੈਂ ਜਿਹ ਕੋ ਅਮਿਤੋਜਿ ਸਭੈ ਜਗੁ ਛਾਇਓ॥(ਅਕਾਲ ਉਸਤਤਿ)

– ਕੋਊ ਦਿਜੇਸ ਕੁ ਮਾਨਤ ਹੈ ਅਰੁ ਕੋਊ ਮਹੇਸ ਕੋ ਏਸ ਬਤੈ ਹੈ॥
ਕੋਊ ਕਹੈ ਬਿਸਨੋ ਬਿਸੁਨਾਇਕ ਜਾਹਿ ਭਜੇ ਅਘ ਓਘ ਕਟੈ ਹੈ॥
ਬਾਰ ਹਜਾਰ ਬਿਚਾਰ ਅਰੇ ਜੜ ਅੰਤ ਸਮੇ ਸਬ ਹੀ ਤਹਿ ਜੈ ਹੈ॥
ਤਾ ਹੀ ਕੋ ਧਯਾਨ ਪ੍ਰਮਾਨਿ ਹੀਏ ਜੋਊ ਕੇ ਅਬ ਹੈ ਅਰ ਆਗੈ ਊ ਹ੍ਵੈ ਹੈ॥(ਤੇਤੀ ਸਵੱਈਏ)

– ਜਾਗਤ ਜੋਤਿ ਜਪੈ ਨਿਸ ਬਾਸੁਰ ਏਕੁ ਬਿਨਾ ਮਨਿ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜ੍ਹੀ ਮਠ ਭੂਲ ਨ ਮਾਨੈ॥
ਤੀਰਥ ਦਾਨ ਦਇਆ ਤਪ ਸੰਜਮ ਏਕੁ ਬਿਨਾ ਨਹਿ ਏਕ ਪਛਾਨੈ॥
ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸ ਤਾਹਿ ਨ ਖਾਲਸ ਜਾਨੈ॥ (੩੩ ਸਵੱਈਏ)

– ਜੋ ਨਿਜ ਪ੍ਰਭ ਮੋ ਸੋ ਕਹਾ ਸੋ ਕਹਿਹੋਂ ਜਗ ਮਾਹਿ॥
ਜੋ ਤਿਹ ਪ੍ਰਭ ਕੋ ਧਿਆਇ ਹੈ ਅੰਤ ਸੁਰਗ ਕੋ ਜਾਹਿ॥ (ਬਚਿਤ੍ਰ ਨਾਟਕ)

– ਜੋ ਜੋ ਤੁਮਰੇ ਧਿਆਨ ਕੋ ਨਿਤ ਉਠਿ ਧਿਐ ਹੈਂ ਸੰਤ॥
ਅੰਤ ਲਹੈਂਗੇ ਮੁਕਤਿ ਫਲ ਪਾਵਹਿਗੇ ਭਗਵੰਤ॥ (ਚੰਡੀ ਚਰਿਤ੍ਰ)

– ਨ ਧਿਆਨ ਆਨ ਕੋ ਧਰੋਂ॥ ਨ ਨਾਮ ਆਨ ਉਚਰੋਂ॥
ਪਰਮ ਧਿਆਨ ਧਾਈਅੰ॥ ਅਨੰਤ ਪਾਪ ਟਾਰੀਅੰ॥ (ਬਚਿਤ੍ਰ ਨਾਟਕ)

– ਜਿਨ ਜਿਨ ਨਾਮ ਤਿਹਾਰੋ ਧਿਆਇਆ। ਦੁਖ ਪਾਪ ਤਿਨ ਨਿਕਟਿ ਨ ਆਇਆ॥ (ਬਚਿਤ੍ਰ ਨਾਟਕ)

– ਜੇ ਜੇ ਅਉਰ ਧਿਆਨ ਕੋ ਧਰਹੀ॥ ਬਹਿਸ ਬਹਿਸ ਬਾਦਨ ਤੇ ਮਰਹੀ॥ (ਬਚਿਤ੍ਰ ਨਾਟਕ)

– ਤੁਮਹਿ ਛਾਡਿ ਕੋਈ ਅਵਰ ਨ ਧਿਆਊਂ॥ ਜੋ ਬਰ ਚਹੌਂ ਸੋ ਤੁਮ ਤੇ ਪਾਊਂ॥ (ਚਰਿਤ੍ਰ ੪੦੫)

– ਏਕ ਚਿੱਤ ਜਿਹ ਇਕ ਛਿਨ ਧਿਆਯੋ॥ ਕਾਲ ਫਾਸ ਕੇ ਬੀਚ ਨ ਆਯੋ॥ (ਅਕਾਲ ਉਸਤਤਿ)

ਜੋ ਸੱਜਣ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਦਾ ਧਿਆਨ ਧਰਦੇ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਗੁਰਬਾਣੀ ਵਿੱਚ ਧਿਆਨ "ਗੁਰ ਕੀ ਮੂਰਤਿ ਤੇ ਰੱਖਣ ਲਈ ਸਪੱਸ਼ਟ ਹੁਕਮ ਹੈ", ਇਸ ਦੀ ਪੁਸ਼ਟੀ ਲਈ ਉਹ ਕੁਝ ਪ੍ਰਮਾਣ ਦਿੰਦੇ ਹਨ:

– ਗੁਰ ਕੀ ਮੂਰਤਿ ਮਨ ਮਹਿ ਧਿਆਨੁ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥

ਗੁਰ ਕੇ ਚਰਨ ਰਿਦੈ ਲੈ ਧਾਰਉ॥ ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ॥ (੮੬੪)

– ਗੁਰ ਮੂਰਤਿ ਸਿਉ ਲਾਇ ਧਿਆਨੁ॥ ਈਹਾ ਊਹਾ ਪਾਵਹਿ ਮਾਨੁ॥ (੧੯੨)

ਜੋ ਸੱਜਣ ਜਿਉਂਦੀ ਜਾਗਦੀ ਦੇਹ ਤੇ ਧਿਆਨ ਲਈ ਪ੍ਰਚਾਰ ਕਰਦੇ ਹਨ, ਉਹ ਇਸ ਦੀ ਪ੍ਰੋੜ੍ਹਤਾ ਲਈ ਇਹ ਪ੍ਰਮਾਣ ਦਿੰਦੇ ਹਨ:

– ਅਕਾਲ ਮੂਰਤਿ ਹੈ ਸਾਧ ਸੰਤਨ ਕੀ ਠਾਹਰ ਨੀਕੀ ਧਿਆਨ ਕਉ॥ (੧੨੦੮)

ਜਰਾ ਵਿਚਾਰ ਕਰੀਏ! ਸ਼ਬਦ ਵਿੱਚ ਪਦ "ਗੁਰ", "ਮੂਰਤਿ" ਤੇ "ਚਰਨ" ਆਏ ਹਨ। ਇਹ ਮੰਨੀ ਪ੍ਰਮੰਨੀ ਸੱਚਾਈ ਹੈ ਕਿ ਇੱਕ ਪਦ ਦੇ ਅਰਥ, ਹਰ ਇੱਕ ਭਾਸ਼ਾ ਵਿੱਚ, ਕਈ ਕਈ ਹੁੰਦੇ ਹਨ। ਪਰਕਰਣ ਮੁਤਾਬਿਕ ਅਰਥ ਲੱਗਦੇ ਹਨ। ਦ੍ਰਿਸ਼ਟਾਂਤ ਵਜੋਂ ਪਦ "ਧਨ" ਦੇ ਕਈ ਅਰਥ ਹਨ। ਪਹਿਲਾ ਅਰਥ ਸੰਪੈ ਅਰਥਾਤ ਦੌਲਤ, ਦੂਜਾ ਇਸਤ੍ਰੀ, "ਧਨ ਪਿਰ ਕਾ ਇਕ ਹੀ ਸੰਗਿ ਵਾਸਾ" ਅਤੇ ਤੀਜਾ ਧੰਨਤਾ ਯੋਗ। ਜੇ ਕਿਸੇ ਨੂੰ "ਧਨ" ਪਦ ਦੇ ਅਰਥ ਕੇਵਲ ਇੱਕ ਹੀ ਆਉਂਦੇ ਹੋਣ, ਉਹ ਉਹੀ ਅਰਥ ਹਰ ਜਗ੍ਹਾ ਲਾਵੇ ਤਾਂ ਸਿਆਣੇ ਉਸ ਨੂੰ ਮੂਰਖ ਗਿਣਦੇ ਹਨ। ਇਸੇ ਤਰ੍ਹਾਂ ਪਦ "ਗੁਰੂ", "ਚਰਨ" ਦੇ ਹੋਰ ਅਰਥ ਵੀ ਹਨ ਪ੍ਰੰਤੂ ਹੋਰ ਅਰਥਾਂ ਵੱਲ ਧਿਆਨ ਉਸੇ ਦਾ ਜਾਂਦਾ ਹੈ ਜੋ ਉਨ੍ਹਾਂ ਨੂੰ ਜਾਣਦਾ ਹੋਵੇ।

ਦ੍ਰਿਸ਼ਟਾਂਤ ਵਜੋਂ, ਜੇ ਤੁਸੀਂ ਕਿਸੇ ਕਸ਼ਮੀਰੀ ਨੂੰ ਪਦ ਗੌਡ ਆਖੋ, ਤਾਂ ਉਸ ਦਾ ਧਿਆਨ ਮੱਛੀ ਵੱਲ ਜਾਵੇਗਾ ਕਿਉਂਕਿ ਕਸ਼ਮੀਰੀ ਭਾਸ਼ਾ ਵਿੱਚ ਇਸ ਦਾ ਮਤਲਬ ਮੱਛੀ ਹੈ। ਇਸ ਦੇ ਉਲਟ ਜੇ ਕਿਸੇ ਅੰਗਰੇਜ਼ ਨੂੰ ਆਖੋ ਜਿਸ ਨੇ ਕਦੀ ਗੌਡ ਦੇ ਅਰਥ ਮੱਛੀ ਨਹੀਂ ਪੜ੍ਹੇ ਤਾਂ ਉਚਾਰਣ ਸਮੇਂ ਅੰਗਰੇਜ਼ ਇਸ ਦਾ ਅਰਥ ਰੱਬ ਸਮਝੇਗਾ। ਇਸੇ ਤਰ੍ਹਾਂ ਜੇ ਕਸ਼ਮੀਰੀ ਅੰਗਰੇਜ਼ ਨੂੰ ਪੁੱਛੇ ਕਿ ਤੁਹਾਨੂੰ ਗੌਡ ਚਾਹੀਦਾ ਹੈ ਤਾਂ ਅੰਗਰੇਜ਼ ਹੈਰਾਨ ਹੋ ਕੇ ਪੁੱਛੂ ਕਿ ਕੀ ਪਾਗਲਪਣ ਦੀ ਗੱਲ ਪੁੱਛਦਾ ਹੈ। ਭੁਲੇਖਾ ਕਿਉਂ ਪਿਆ? ਇਸ ਲਈ ਕਿ ਦੋਹਾਂ ਸੱਜਣਾਂ ਨੂੰ ਗੌਡ ਪਦ ਦੇ ਇੱਕੋ ਹੀ ਅਰਥ ਆਉਂਦੇ ਹਨ।

ਐਨ ਇਸੇ ਤਰ੍ਹਾਂ ਉਹ ਸੱਜਣ ਸਦਾ ਇੱਕੋ ਹੀ ਅਰਥ, ਇਨ੍ਹਾਂ ਤਿੰਨਾਂ ਪਦਾਂ "ਗੁਰੂ", "ਮੂਰਤਿ" ਅਤੇ "ਚਰਨ" ਦੇ ਲਾ ਲੈਂਦੇ ਹਨ। ਆਓ ਵਿਚਾਰੀਏ, ਇੰਨ੍ਹਾਂ ਦੇ ਹੋਰ ਅਰਥ ਕੀ ਹਨ?

ਗੁਰੂ ਦੀ ਵਿਆਖਿਆ ਗੁਰੂ ਅਰਜਨ ਸਾਹਿਬ ਇਸ ਪ੍ਰਕਾਰ ਕਰਦੇ ਹਨ:-

– ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ॥
ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ॥ (੫੨)

ਗੁਰੂ ਕੇਵਲ ਨਿਰੰਕਾਰ ਸਮਰਥ ਹੈ ਜੋ ਉੱਚਾ, ਮਨ ਬੁੱਧੀ ਤੋਂ ਪਰ੍ਹੇ ਹੈ। ਐਸੇ ਗੁਰੂ ਦੀ ਮਹਿਮਾ ਅਗੰਮ ਹੈ, ਕਥਨਹਾਰ ਕੀ ਕਥ ਸਕਦਾ ਹੈ?

- ਗੁਰੁ ਦਾਤਾ ਸਮਰਥੁ ਗੁਰੁ ਗੁਰੁ ਸਭ ਮਹਿ ਰਹਿਆ ਸਮਾਇ॥
ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ ਡੁਬਦਾ ਲਏ ਤਰਾਇ॥.....
ਗੁਰ ਨਾਲਿ ਤੁਲਿ ਨ ਲਗਈ ਖੋਜਿ ਡਿਠਾ ਬ੍ਰਹਮੰਡੁ॥ (੪੯)

ਗੁਰੂ ਦਾਤਾਰ ਹੈ, ਸਮਰੱਥ ਹੈ, ਸਭ ਵਿੱਚ ਸਮਾਇਆ ਹੋਇਆ ਹੈ, ਪਰਮੇਸ਼ਰ ਆਪ ਹੈ ਤੇ ਪਾਰਬ੍ਰਹਮ ਹੈ। ਮਾਇਆ ਦੇ ਸਮੁੰਦਰ ਵਿੱਚੋਂ ਡੁੱਬਦੇ ਨੂੰ ਤਰਾ ਲੈਂਦਾ ਹੈ। ਐਸੇ ਅਪਰੰਪਰ, ਪਾਰਬ੍ਰਹਮ ਪ੍ਰਮੇਸ਼ਰ ਨਿਰੰਕਾਰ ਗੁਰੂ ਦੇ ਹੋਰ ਕੋਈ ਬਰਾਬਰ ਨਹੀਂ। ਮੈਂ ਸਾਰਾ ਬ੍ਰਹਮੰਡ ਚੰਗੀ ਤਰ੍ਹਾਂ ਖੋਜ ਲਿਆ ਹੈ।

- ਗੁਰੁ ਨਾਰਾਇਣੁ ਦਯੁ ਗੁਰੁ ਗੁਰੁ ਸਚਾ ਸਿਰਜਣਹਾਰੁ॥ (੨੧੮)

- ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ॥ ਆਠ ਪਹਰ ਨਾਨਕ ਗੁਰ ਜਾਪਿ॥ (੩੮੭)

- ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ॥ (੫੩)

- ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥ (੭੫੯)

- ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ॥
ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ॥ (੧੩੭)

- ਗੁਰੁ ਦੇਵਾ ਗੁਰੁ ਅਲਖ ਅਭੇਵਾ ਤ੍ਰਿਭਵਣ ਸੋਝੀ ਗੁਰ ਕੀ ਸੇਵਾ॥ (੧੧੨੫)

ਉਪਰਲੇ ਪ੍ਰਮਾਣ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹਨ। ਉਨ੍ਹਾਂ "ਗੁਰੂ" ਪਦ ਕੇਵਲ ਪਾਰਬ੍ਰਹਮ ਪਰਮੇਸ਼ਰ ਨਿਰੰਕਾਰ ਲਈ ਵਰਤੇ ਹਨ ਜਿਸ ਦੀ ਹੋਰ ਵਿਆਖਿਆ ਦੂਜੇ ਗੁਰੂ ਸਾਹਿਬਾਨ ਨੇ ਕੀਤੀ ਹੈ। ਸੋ ਸਿੱਧ ਹੋਇਆ ਕਿ ਗੁਰੂ ਪਦ ਦੇ ਅਰਥ ਰੱਬ ਹਨ।

ਹੁਣ ਲਵੋ ਪਦ "ਮੂਰਤਿ"। ਇਸ ਦੇ ਕਈ ਅਰਥਾਂ ਵਿੱਚੋਂ ਸਾਡੇ ਸਮਝਣ ਲਈ ਇਹ ਅਰਥ ਜ਼ਰੂਰੀ ਹਨ। ਪਹਿਲਾ ਅਰਥ ਹੈ ਤਸਵੀਰ, ਦੂਜਾ ਵਿਅਕਤੀ, ਤੀਸਰਾ ਹਸਤੀ। ਅਣਹੋਂਦ ਦੇ ਮੁਕਾਬਲੇ ਵਿੱਚ ਹੋਂਦ। ਚੌਥਾ ਅਰਥ ਹੈ, ਸ਼ਬਦ, **"ਗੁਰੂ ਮੂਰਤਿ ਗੁਰ ਸ਼ਬਦ ਹੈ"** (ਭਾਈ ਗੁਰਦਾਸ)। ਮੂਲ ਮੰਤ੍ਰ ਵਿੱਚ ਨਿਰੰਕਾਰ ਨੂੰ "ਅਕਾਲ ਮੂਰਤਿ" ਦੱਸਿਆ ਹੈ। ਇੱਥੇ ਅਰਥ ਹੋਏ, ਕਾਲ ਤੋਂ ਰਹਿਤ ਜੋ ਹੋਂਦ (ਹਸਤੀ, ਅਸਲੀਅਤ) ਹੈ ਗੁਰੂ ਸਾਹਿਬ ਫੁਰਮਾਉਂਦੇ ਹਨ:

- ਅਮੋਘ ਦਰਸਨ ਆਜੂਨੀ ਸੰਭਉ॥ ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ॥ (੧੦੮੨)

ਉਹ ਹਸਤੀ ਐਸੀ ਹੈ ਜਿਸ ਤੇ ਕਾਲ ਹਾਵੀ ਨਹੀਂ ਤੇ ਨਾ ਹੀ ਕਦੀ ਨਾਸ਼ ਹੁੰਦੀ ਹੈ। ਅਮੋਘ ਦਰਸ਼ਨ ਰੂਪ ਹੈ, ਅਜੂਨੀ ਹੈ ਤੇ ਸੁਤੇ ਪ੍ਰਕਾਸ਼ਮਾਨ ਹੈ। ਤਾਂ ਤੇ "ਮੂਰਤਿ" ਪਦ ਦੇ ਅਰਥ, ਹੋਂਦ ਤੇ ਹਸਤੀ ਵੀ ਹੁੰਦੇ ਹਨ, ਇਹ ਗੱਲ ਸਿੱਧ ਹੋਈ।

ਹੁਣ ਲਵੋ ਪਦ "ਚਰਨ"। ਇਸ ਦੇ ਵੀ ਕਈ ਅਰਥਾਂ ਵਿੱਚੋਂ ਦੋ ਵੱਡੇ ਅਰਥ ਹਨ। ਪਹਿਲਾ ਅਰਥ ਹੈ, ਹਾਡ ਮਾਸ ਨਾੜੀ ਦੇ ਪਿੰਜਰ ਵਾਲੇ ਪੈਰ। ਦੂਜੇ ਅਰਥ ਸ਼ਬਦ, ਉਪਦੇਸ਼, ਗੁਰਬਾਣੀ, ਗੁਰਬਚਨ। ਦੂਜੇ ਅਰਥਾਂ ਲਈ, ਬਾਹਰਲੇ ਕੋਸ਼ ਵੇਖਣ ਦੀ ਲੋੜ ਨਹੀਂ, ਗੁਰੂ ਗ੍ਰੰਥ ਸਾਹਿਬ ਜੀ ਦੇ ਮਹਾਨ ਕੋਸ਼ ਵਿੱਚ ਹੀ ਅਰਥ ਦਿੱਤੇ ਹੋਏ ਹਨ।

ਕਈ ਵਿਦਵਾਨ, ਕਥਾਕਾਰ ਤੇ ਪ੍ਰਚਾਰਕ ਫਿਰ ਵੀ ਤਸਵੀਰ ਦਾ ਧਿਆਨ ਰੱਖਣ ਲਈ ਹੀ ਯਤਨਸ਼ੀਲ ਰਹਿੰਦੇ ਹਨ ਤੇ ਕਹਿੰਦੇ ਹਨ ਕਿ **"ਗੁਰ ਕੇ ਚਰਨ ਕਮਲ ਨਮਸਕਾਰਿ"** ਦਾ ਸਿੱਧਾ ਅਰਥ ਦੇਹ ਵਾਲੇ ਪੈਰ ਹਨ, ਭਾਵ ਗੁਰੂ ਨਾਨਕ ਸਾਹਿਬ ਦੀ ਮੂਰਤਿ ਦੇ ਪੈਰ ਰਿਦੇ ਧਾਰਨ ਕਰਨ ਨੂੰ ਕਹਿੰਦੇ ਹਨ, **"ਗੁਰ ਕੇ ਚਰਨ ਰਿਦੈ ਲੈ ਧਾਰਉ"**। ਉਨ੍ਹਾਂ ਅਨੁਸਾਰ ਇਹ ਇੱਕੋ ਅਰਥ ਮੰਨ ਲਏ ਜਾਣ ਤਾਂ ਫਿਰ ਗੁਰੂ ਨਾਨਕ ਸਾਹਿਬ ਨੇ ਜੋ ਇਹ ਤੁਕ ਲਿਖੀ ਹੈ''

- ਗੁਰ ਕੀ ਚਰਣੀ ਲਗਿ ਰਹੁ ਵਿਚਹੁ ਆਪੁ ਗਵਾਇ॥ (੬੧)

ਦੇ ਅਰਥਾਂ ਅਨੁਸਾਰ ਗੁਰੂ ਨਾਨਕ ਸਾਹਿਬ ਜੀ ਦਾ ਵੀ ਦੇਹਧਾਰੀ ਗੁਰੂ ਮੰਨਣਾ ਪਵੇਗਾ, ਪ੍ਰੰਤੂ ਇਹ ਗੱਲ ਹਜ਼ੂਰ ਦੇ ਆਪਣੇ ਕਥਨ ਤੋਂ ਉਲਟ ਹੈ ਜੋ ਇਸ ਤਰ੍ਹਾਂ ਹੈ:

- ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥ (੫੯੯)

ਇੱਕ ਹੋਰ ਥਾਂ ਹਜ਼ੂਰ ਫੁਰਮਾਉਂਦੇ ਹਨ:

- ਸਤਿਗੁਰ ਕੀ ਮੂਰਤਿ ਹਿਰਦੈ ਵਸਾਏ॥ ਜੋ ਇਛੈ ਸੋਈ ਫਲੁ ਪਾਏ॥ (੬੬੧)

ਇਸ ਅਨੁਸਾਰ ਵੀ ਗੁਰੂ ਨਾਨਕ ਦੇਵ ਜੀ ਦਾ ਦੇਹਧਾਰੀ ਗੁਰੂ ਹੋਣਾ ਚਾਹੀਦਾ ਹੈ। ਜੇ ਚਰਨ ਦੇ ਅਰਥ ਦੇਹ ਦੇ ਚਰਨ ਹੀ ਹਨ, ਹੋਰ ਕੋਈ ਅਰਥ ਨਹੀਂ, ਤਾਂ ਫਿਰ ਰੱਬ ਜੀ ਦੇ ਵੀ ਚਰਨ ਮੰਨਣੇ ਪੈਣਗੇ। ਇਹ ਉੱਕਾ ਹੀ ਗੁਰੂ ਸਿਧਾਂਤ ਦੇ ਉਲਟ ਹੈ। ਹਰੀ ਦੇ ਨਾਲ ਪਦ ''ਚਰਨ'' ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਨੇਕਾਂ ਵਾਰੀ ਆਇਆ ਹੈ:

- ਹਰਿ ਕੇ ਚਰਣ ਰਿਦੇ ਮਹਿ ਬਸੇ॥ ਜਨਮ ਜਨਮ ਕੇ ਕਿਲਵਿਖ ਨਸੇ॥ (੧੯੭)

- ਹਰਿ ਕੇ ਚਰਣ ਹਿਰਦੈ ਉਰਿ ਧਾਰਿ॥ ਭਵ ਸਾਗਰੁ ਚੜਿ ਉਤਰਹਿ ਪਾਰਿ॥ (੧੯੬)

- ਹਰਿ ਕੇ ਚਰਣ ਹਿਰਦੈ ਕਰਿ ਓਟ॥ ਜਨਮ ਮਰਣ ਤੇ ਹੋਵਤ ਛੋਟ॥ (੧੯੮)

- ਹਰਿ ਕੇ ਚਰਨ ਹਿਰਦੈ ਬਸਾਵੈ॥ ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ॥ (੨੭੪)

- ਹਰਿ ਕੇ ਚਰਨ ਹਿਰਦੈ ਗਾਇ॥
ਸੀਤਲਾ ਸੁਖ ਸਾਂਤਿ ਮੂਰਤਿ ਸਿਮਰਿ ਸਿਮਰਿ ਨਿਤ ਧਿਆਇ॥ (੧੩੦੦)

- ਹਰਿ ਕੇ ਚਰਨ ਜਪਿ ਜਾਂਉ ਕੁਰਬਾਨੁ॥ (੮੨੭)

- ਹਰਿ ਚਰਣ ਜਪਤ ਨਿਸਤਾਰਿਆ॥ (੭੭੯)

- ਹਰਿ ਚਰਣ ਕਮਲ ਧ੍ਰਾਨੰ ਨਾਨਕ ਕੁਲ ਸਮੂਹ ਉਧਾਰਣਹ॥ (੧੩੬੦)

- ਹਰਿ ਕੇ ਚਰਨ ਅਰਾਧੀਅਹਿ ਗੁਰ ਸਬਦਿ ਰਤਨਾਗਰੁ॥ (੧੩੧੮)

- ਹਰਿ ਕੇ ਚਰਨ ਕਮਲ ਮਨਿ ਧਿਆਉ॥ (੭੧੪)

- ਹਰਿ ਕੇ ਚਰਨ ਕਮਲ ਆਧਾਰ॥ (੬੧੮)

ਉਪਰੋਕਤ ਪ੍ਰਮਾਣਾਂ ਵਿੱਚ "ਹਰੀ" ਪਦ ਨਾਲ "ਚਰਨ" ਪਦ ਵੀ ਆਇਆ ਹੈ। ਕੀ ਕਦੀ ਚਰਨ ਵੀ ਗਾਏ ਜਾਂਦੇ ਹਨ? ਕੀ ਕਦੀ ਚਰਨ ਵੀ ਜਪੇ ਜਾਂਦੇ ਹਨ? ਫਿਰ ਹਰੀ ਤਾਂ ਹੋਇਆ ਹੀ ਨਿਰੰਕਾਰ। ਆਕਾਰ ਨਾਲ ਚਰਨ ਹੁੰਦੇ ਹਨ, ਨਿਰ-ਆਕਾਰ ਨਾਲ ਚਰਨ ਕਿੱਥੇ?

"ਚਰਨ" ਪਦ ਦੇ ਜੋ ਅਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਨ, ਇਸ ਤਰ੍ਹਾਂ ਹਨ:

- ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ॥ (੬੮੦)

ਸਤਿਗੁਰੂ ਦੇ ਸ਼ਬਦ ਨੂੰ ਹਿਰਦੇ ਵਿੱਚ ਵਸਾਉਣਾ ਹੀ ਚਰਨ ਧਾਰਨਾ ਹੈ ।

- ਚਰਨ ਕਮਲ ਨਮਸਕਾਰ ਗੁਨ ਗੋਬਿਦ ਬੀਚਾਰੇ॥ (੬੭੯)

ਗੋਬਿੰਦ ਦੇ ਗੁਣ ਵੀਚਾਰਨੇ ਹੀ ਚਰਨ ਕਮਲ ਨਮਸਕਾਰ ਹੈ। ਭਾਵ ਸਤਿਗੁਰੂ ਜੀ ਦੇ ਗੁਣ ਵੀਚਾਰਨੇ ਹੀ ਚਰਨ ਕਮਲ ਨਮਸਕਾਰ ਸਮਝਣੀ ਚਾਹੀਦੀ ਹੈ।

ਸਿੱਟਾ ਇਹ ਹੋਇਆ ਕਿ "ਗੁਰੂ ਕੀ ਮੂਰਤਿ" ਦੇ ਅਰਥ ਹੋਏ ਅਕਾਲ ਪੁਰਖ ਦੀ ਹਸਤੀ ਤੇ "ਚਰਨ" ਦੇ ਅਰਥ ਹੋਏ ਗੁਰੂ ਦਾ ਸ਼ਬਦ। ਅਸੀਂ ਗੁਰੂ ਸਾਹਿਬ ਦੇ ਸਿੱਖ ਬਣਨਾ ਹੈ ਨਾਂ ਕਿ ਆਪਣੇ ਮਨੋਕਲਪਤ ਆਸ਼ੇ ਦਾ। ਨਿਰੰਕਾਰ ਅਰੂਪ ਹੈ, ਅਣਡਿੱਠ ਹੈ ਅਰੂਪ ਨਾਲ ਧਿਆਨ ਕਿਵੇਂ ਜੋੜਿਆ ਜਾਏ? ਧਿਆਨ ਜੋੜਨ ਲਈ ਕਿਸੇ ਆਨਮਤ ਦੀ ਸ਼ਰਨ ਲੈਣ ਦੀ ਲੋੜ ਨਹੀਂ। ਪਾਤੰਜਲੀ ਦੇ ਯੋਗ ਸ਼ਾਸ਼ਤਰ ਦੀ ਮੱਦਦ ਲੈਣ ਦੀ ਲੋੜ ਨਹੀਂ। ਗੁਰਬਾਣੀ ਵਿੱਚ ਬੜਾ ਸੁਖੱਲਾ ਤਰੀਕਾ ਧਿਆਨ ਨੂੰ ਪਕਾਉਣ ਦਾ ਦਰਸਾਇਆ ਹੋਇਆ ਹੈ, ਉਹ ਇਹ ਹੈ:

- ਹਰਿ ਹਰਿ ਨਾਮੁ ਧਿਆਇ ਮਨ ਹਰਿ ਦਰਗਹ ਪਾਵਹਿ ਮਾਨੁ॥
ਜੋ ਇਛਹਿ ਸੋ ਫਲੁ ਪਾਇਸੀ ਗੁਰ ਸਬਦੀ ਲਗੈ ਧਿਆਨੁ॥ (੧੩੧੩)

ਬਾਣੀ ਦੇ ਅਰਥ ਭਾਵ ਨੂੰ ਮਨ ਵਿੱਚ ਰੱਖੋ, ਫਿਰ ਜਿਧਰ ਬਾਣੀ ਲੈ ਜਾਂਦੀ ਹੈ, ਤੁਰੇ ਚਲੋ, ਧਿਆਨ ਪੱਕਦਾ ਜਾਊ ਤੇ ਲਖਤਾ ਹੁੰਦੀ ਰਹੂ।

- ਗੁਰ ਕੈ ਬਚਨਿ ਰਿਦੈ ਧਿਆਨੁ ਧਾਰੀ॥ (੭੪੦)

ਗੁਰੂ ਦੇ ਬਚਨ ਦਵਾਰਾ, ਬਚਨ ਪਦ ਦੇ ਨੰਨੇ ਨੂੰ ਸਿਹਾਰੀ ਹੈ ਜੋ ਸਬੰਧਕ ਵਾਚਕ ਹੈ, ਇਸ ਲਈ ਅਰਥ ਬਣਿਆ - "ਗੁਰੂ ਦੇ ਬਚਨ ਦੁਆਰਾ ਹਿਰਦੇ ਵਿੱਚ ਧਿਆਨ ਧਾਰੋ" ਭਾਵ ਗੁਰਵਾਕ ਦੇ ਅਰਥ ਵਿੱਚ ਮਨ ਨੂੰ ਜੋੜੋ।

- ਮਹਾ ਸੰਤੋਖੁ ਹੋਵੈ ਗੁਰਬਚਨੀ ਪ੍ਰਭ ਸਿਉ ਲਾਗੈ ਪੂਰਨ ਧਿਆਨੁ॥ (੬੮੨)

ਗੁਰਬਚਨ ਦੁਆਰਾ ਪ੍ਰਭੂ ਨਾਲ ਧਿਆਨ ਲੱਗ ਜਾਂਦਾ ਹੈ ਤੇ ਪੂਰਨ ਸੰਤੋਖ ਪ੍ਰਾਪਤ ਹੁੰਦਾ ਹੈ।

- ਸੁਣਿਐ ਲਾਗੈ ਸਹਜਿ ਧਿਆਨੁ॥ (੩)

ਹੁਣ ਦੇਰਧਾਰੀਆਂ ਨੂੰ ਮੰਨਣ ਵਾਲਿਆਂ ਦੀ ਇਸ ਤੁਕ ਦਾ ਵੀਚਾਰ ਕਰੀਏ ਜੋ ਉਹ ਆਪਣੇ ਪੱਖ ਵਿੱਚ ਦਿੰਦੇ ਹਨ:

- ਅਕਾਲ ਮੂਰਤਿ ਹੈ ਸਾਧ ਸੰਤਨ ਕੀ ਠਾਹਰ ਨੀਕੀ ਧਿਆਨ ਕਉ॥ (੧੨੦੮)

ਭੁਲੇਖਾ ਕੇਵਲ ਬਿਸਰਾਮ ਭਾਵ ਕੌਮੇਂ (,) ਦਾ ਹੈ। ਪੱਖੀ ਸੱਜਣ ਬਿਸਰਾਮ "ਸਾਧ ਸੰਤਨ ਕੀ" ਭਾਵ "ਕੀ" ਤੇ ਦਿੰਦੇ ਹਨ ਤੇ ਅਰਥ ਕਰਦੇ ਹਨ ਕਿ ਅਕਾਲ ਮੂਰਤਿ ਸਾਧ ਸੰਤਨ ਕੀ ਹੈ, ਇਹੀ ਧਿਆਨ ਠਹਿਰਾਵਣ ਦੀ ਥਾਂ ਹੈ, ਪਰ ਇਹ ਅਰਥ ਗੁਰੂ ਆਸ਼ੇ ਦੇ ਉਲਟ ਹਨ। ਜੇਕਰ ਬਿਸਰਾਮ "ਅਕਾਲ ਮੂਰਤਿ ਹੈ", ਭਾਵ "ਹੈ" ਤੇ ਦੇਈਏ ਤਾਂ

ਅਰਥ ਗੁਰੂ ਆਸ਼ੇ ਅਨੁਸਾਰ ਹੋ ਜਾਂਦੇ ਹਨ। ਅਕਾਲ ਦੀ ਹੋਂਦ ਹਸਤੀ ਹੀ ਸਮਰੱਥ ਹੈ ਜੋ ਸਾਧਾਂ ਤੇ ਸੰਤਾਂ ਦੇ ਧਿਆਨ ਠਹਿਰਾਉਣ ਲਈ, ਹੋਰ ਕੋਈ ਥਾਂ ਨਹੀਂ।

ਅੰਤ ਵਿੱਚ, ਸਾਨੂੰ ਬੁੱਤ-ਪ੍ਰਸਤੀ ਦੇ ਪਏ ਹੋਏ ਭੁਲੇਖਿਆਂ ਵਿੱਚੋਂ ਗੁਰੂ ਸਾਹਿਬਾਨ ਨੇ ਕੱਢਿਆ ਸੀ ਤੇ ਇੱਕ ਦੇ ਉਪਾਸ਼ਕ ਬਣਾਇਆ ਸੀ ਪਰ ਅਸੀਂ ਖੁਦਾ-ਪ੍ਰਸਤੀ ਨੂੰ ਛੱਡ ਕੇ ਫਿਰ ਬੁੱਤ-ਪ੍ਰਸਤ ਬਣ ਰਹੇ ਹਾਂ। ਇਤਿਹਾਸਕ ਗੁਰਦੁਆਰਿਆਂ ਵਿੱਚ ਵੇਖੋ, ਗੁਰੂ ਸਾਹਿਬ ਦੀ ਤਸਵੀਰ ਜੋ ਅਸਲੀ ਵੀ ਨਹੀਂ, ਕਲਪਤ ਤਸਵੀਰਾਂ ਨੂੰ ਪਹਿਲਾਂ ਨਮਸਕਾਰ ਕੀਤੀ ਜਾਂਦੀ ਹੈ ਪਿੱਛੋਂ ਗੁਰੂ ਗ੍ਰੰਥ ਸਾਹਿਬ ਜੀ ਨੂੰ। ਤਸਵੀਰ ਦਾ ਧਿਆਨ ਧਰਨਾ ਜਾਂ ਨਮਸਕਾਰ ਕਰਨਾ ਗੁਰਮਤਿ ਦੇ ਐਨ ਉਲਟ ਹੈ। ਭਲਾ ਜੇ ਕਿਸੇ ਨੇ ਤੁਹਾਡੇ ਪਿਤਾ ਨੂੰ ਵੇਖਿਆ ਵੀ ਨਾ ਹੋਵੇ ਤੇ ਮਨੋਕਲਪਤ ਤਸਵੀਰ ਲਿਆ ਕੇ ਤੁਹਾਨੂੰ ਆਖੇ ਕਿ ਇਹ ਤੁਹਾਡਾ ਪਿਤਾ ਹੈ, ਤਾਂ ਕੀ ਤੁਸੀਂ ਮੰਨ ਲਵੋਗੇ?

ਅਗਰ ਤਸਵੀਰ ਅਸਲੀ ਵੀ ਹੋਵੇ ਤਾਂ ਵੀ ਉਸ ਦੀ ਪੂਜਾ ਕਰਨੀ ਜਾਂ ਧਿਆਨ ਧਰਨਾ, ਗੁਰੂ ਆਸ਼ੇ ਤੋਂ ਉਲਟ ਹੈ। ਜੇ ਅਸੀਂ ਇਹ ਸੁਧਾਰ ਨਾ ਕੀਤਾ ਤਾਂ ਅਸੀਂ ਸਿੱਖੀ ਤੋਂ ਦੂਰ ਬੁੱਤ-ਪ੍ਰਸਤੀ ਦੇ ਖਾਤੇ ਵਿੱਚ ਜਾਂ ਡਿੱਗਾਂਗੇ ਅਤੇ ਅਗਿਆਨਤਾ ਵਿੱਚ ਫਸ ਕੇ ਦੁੱਖੀ ਹੋਵਾਂਗੇ। ਗੁਰੂ ਸਿਧਾਂਤ ਤਾਂ ਇੱਥੋਂ ਤਾਈਂ ਦਰਸਾਉਂਦਾ ਹੈ ਕਿ ਸਤਿਗੁਰੂ ਨੂੰ ਸਾਰਾ ਸੰਸਾਰ ਵੇਖਦਾ ਹੈ, ਪਰ ਵੇਖਣ ਨਾਲ ਮੁਕਤੀ ਨਹੀਂ ਹੋ ਸਕਦੀ, ਜਦ ਤਾਈਂ ਸਤਿਗੁਰੂ ਦੇ ਸ਼ਬਦ ਦੀ ਵੀਚਾਰ ਨਾ ਕਰੀਏ, ਪ੍ਰਮਾਣ ਇਸ ਤਰ੍ਹਾਂ ਹੈ:

- ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥ (੫੯੪)

ਗੁਰੂ ਨਾਨਕ ਪਾਤਸ਼ਾਹ ਨੂੰ ਸਾਰੇ ਸੰਸਾਰ ਨੇ ਵੇਖਿਆ, ਪਰ ਮੁਕਤ ਕੇਵਲ ਉਹੀ ਹੋਏ ਜਿੰਨ੍ਹਾਂ ਸਤਿਗੁਰੂ ਜੀ ਦੇ ਸ਼ਬਦ ਦੀ ਕਮਾਈ ਕੀਤੀ। ਹਜ਼ੂਰ ਦੇ ਦੋ ਪੁੱਤਰ, ਜੋ ਰਾਤ ਦਿਨ ਗੁਰੂ ਜੀ ਦੇ ਦਰਸ਼ਨ ਕਰਦੇ ਸਨ, ਮੁਕਤ ਨਹੀਂ ਹੋਏ ਆਕੀ ਹੀ ਫਿਰਦੇ ਰਹੇ, ਕਿਉਂਕਿ ਉਨ੍ਹਾਂ ਸ਼ਬਦ ਦੀ ਕਮਾਈ ਨਹੀਂ ਕੀਤੀ।

ਗੁਰਮਤਿ ਦਾ ਨਿਚੋੜ ਹੀ ਹੈ ਕਿ ਸਤਿਗੁਰੂ ਜੀ ਦੀ ਪੰਚਭੂਤਕ ਦੇਹ ਨੂੰ ਵੇਖਣ ਨਾਲ ਮਾਇਆ ਤੋਂ ਛੁਟਕਾਰਾ ਨਹੀਂ ਹੋ ਸਕਦਾ, ਜਦ ਤਾਈਂ ਸਤਿਗੁਰਾਂ ਦੇ ਹੁਕਮ ਨੂੰ ਨਾ ਮੰਨੀਏ। ਜਦ ਪਰਤੱਖ ਦੇਹ ਦੇ ਦਰਸ਼ਨ ਮੁਕਤੀ ਨਹੀਂ ਦੇ ਸਕਦੇ ਤਾਂ ਉਨ੍ਹਾਂ ਦੀਆਂ ਮਨੋ-ਕਲਪਤ ਤਸਵੀਰਾਂ ਕਿਵੇਂ ਫਲਦਾਇਕ ਹੋ ਸਕਦੀਆਂ ਹਨ?